

ਸ੍ਰੀ ਗੁਰੂ ਨਾਨਕ ਦੇਵ ਜੀ, ਸ੍ਰੀ ਕਰਤਾਰਪੁਰ ਸਾਹਿਬ ਵਿੱਚ

## ਕਰਤਾਰਪੁਰ ਨਗਰ ਵਸਾਉਣਾ

ਇਕ ਦਿਨ ਸ੍ਰੀ ਗੁਰੂ ਨਾਨਕ ਦੇਵ ਜੀ **ਡੇਰਾ ਬਾਬਾ ਨਾਨਕ** ਤੋਂ ਚੌਧਰੀ ਅਜਿਤਾ ਜੀ ਨੂੰ ਨਾਲ ਲੈ ਕੇ ਰਾਵੀ ਦੇ ਸੱਜੇ ਕੰਢੇ ਤੇ ਜੋ ਭੂਮੀ ਉਨ੍ਹਾਂ ਦੇ ਸਹੁਰਾ ਸਾਹਿਬ, ਬਾਬਾ ਮੂਲਚੰਦ ਜੀ ਨੇ ਪਹਿਲਾਂ ਹੀ ਖਰੀਦੀ ਹੋਈ ਸੀ, ਇੱਕ ਨਵੇਂ ਨਗਰ ਦੀ ਮੋਹੜੀ (ਨੀਂਵ) ਗੱਡਣ ਲਈ ਆਸ-ਪਾਸ ਦੇ ਪਿੰਡਾਂ ਦੀ ਸੰਗਤ ਨੂੰ ਸੱਦਾ ਭਿਜਵਾਇਆ।

ਉਥੇ ਅਲਾਹੀ ਕੀਰਤਨ ਦਰਬਾਰ ਸਜਾਇਆ ਗਿਆ। ਕੀਰਤਨ ਦੀ ਸਮਾਪਤੀ ਉਪ੍ਰੰਤ, **ਕਰਤਾਪੁਰਖ** ਅੱਗੇ ਅਰਦਾਸ ਬੰਦਨਾ ਕਰਕੇ, ਨਵੇਂ ਨਗਰ, **ਕਰਤਾਰਪੁਰ ਸਾਹਿਬ** ਦੀ **'ਭਾਈ ਦੋਦਾ ਜੀ' (ਇਕ ਮਹਾਂਪੁਰਖ) ਦੇ ਕਰ ਕਮਲਾਂ ਦੁਆਰਾ (1522 ਈ:) 'ਮੋਹੜੀ'** ਗਡਵਾਈ। ਦੂਰੋਂ ਨੇੜਿਓਂ ਆਈ ਹੋਈ ਸਾਰੀ ਸੰਗਤ ਨੇ ਗੁਰੂ ਜੀ ਨਾਲ ਨਵਾਂ ਨਗਰ ਵਸਾਉਣ ਦੀਆਂ ਖੁਸ਼ੀਆਂ ਸਾਂਝੀਆਂ ਕੀਤੀਆਂ। ਗੁਰੂ ਜੀ ਨੇ ਅਲਾਹੀ ਉਪਦੇਸ਼ ਕਰਦਿਆਂ ਸੰਗਤ ਨੂੰ ਮਿਠਾਈਆਂ ਵੰਡੀਆਂ।

ਨੋਟ:- ਉਨ੍ਹਾਂ ਸਮਿਆਂ ਵਿੱਚ ਨਵਾਂ ਨਗਰ ਵਸਾਉਣ ਲਈ ਮੋਹੜੀ (ਲੱਕੜੀ ਦਾ ਵੱਡਾ ਸਾਰਾ ਮੋਛਾ) ਗੱਡੀ ਜਾਂਦੀ ਸੀ।

ਕੁਝ ਦਿਨਾਂ ਵਿੱਚ ਹੀ ਉਥੇ ਸਤਿਸੰਗ ਭਵਨ ਤਿਆਰ ਹੋ ਗਿਆ। ਗੁਰੂ ਸਾਹਿਬ ਜੀ ਨਿਤਾਪ੍ਰਤੀ ਅਕਾਲਪੁਰਖ ਦੀ ਉਸਤੱਤ ਗਾਇਨ ਕਰਨ ਲੱਗੇ। ਦੂਰੋਂ-ਨੇੜਿਓਂ ਸੰਗਤਾਂ ਕੀਰਤਨ ਦਾ ਆਨੰਦ ਮਾਨਣ ਲਈ ਆਉਣ ਲਗੀਆਂ। ਇਸ ਤਰਾਂ ਦਿਨੋ ਦਿਨ ਕਰਤਾਰਪੁਰ ਸਾਹਿਬ ਵਿਖੇ ਰੌਣਕ ਵਧਨ ਲੱਗੀ। ਸੰਗਤਾਂ ਨੇ ਨਵੇਂ ਘਰ ਵੀ ਬਨਾਉਣੇ ਸ਼ੁਰੂ ਕਰ ਦਿੱਤੇ।



**ਸ੍ਰੀ ਗੁਰੂ ਨਾਨਕ ਦੇਵ ਜੀ, ਪ੍ਰਭੂ ਉਸਤੱਤ ਵਿੱਚ ਲੀਨ (ਕਰਤਾਰਪੁਰ ਸਾਹਿਬ)**

## ਦੁਨੀਚੰਦ ਕਰੋੜੀਆ

ਨੇੜੇ ਦੇ ਨਗਰ **'ਕਲਾਨੌਰ'** ਪਰਗਨੇ ਦਾ ਜਾਗੀਰਦਾਰ, ਹੰਕਾਰੀ ਹਾਕਮ, **ਦੁਨੀਚੰਦ ਕਰੋੜੀਆ** ਨੇ ਸੋਚਿਆ ਕਿ ਇਹ ਭੂਮੀ ਤਾਂ ਉਸ ਦੇ ਇਲਾਕੇ ਦੀ ਹੈ, ਜਿਥੇ ਨਵਾਂ ਨਗਰ ਵਸਾਇਆ ਜਾ ਰਿਹਾ ਹੈ। ਉਸ ਨੇ ਇਹ ਜ਼ਮੀਨ, ਖੇਤੀ-ਬਾੜੀ ਲਈ ਵੇਚੀ ਸੀ। ਪਰ ਉਥੇ ਨਗਰ ਵਸਾਉਣ ਦੀ ਆਗਿਆ ਕਿਸ ਨੇ ਦਿੱਤੀ ਹੈ? ਜੇ ਉਹ ਖੇਤੀ ਦੀ ਬਜਾਏ ਉਥੇ ਨਗਰ ਵਸਾਉਂਦੇ ਹਨ ਤਾਂ ਉਸ ਨੂੰ ਲਗਾਨ ਨਹੀਂ ਮਿਲੇਗਾ।

ਉਸ ਨੇ ਸੁਨੇਹਾ ਭਿਜਵਾਇਆ, "ਜੋ ਆਪ ਨੇ ਇਸ ਜ਼ਮੀਨ ਦਾ ਰੁਪਿਆ ਜਮਾ ਕਰਵਾਇਆ ਸੀ ਉਹ ਪਿੱਛਲੇ ਕਈ ਸਾਲਾਂ ਦੇ ਲਗਾਨ ਦੇ ਰੂਪ ਵਿੱਚ ਮੁੱਕ ਗਿਆ ਹੈ। ਇਸ ਲਈ ਇਸ ਜ਼ਮੀਨ ਨੂੰ ਖਾਲੀ ਕਰ ਦਿਓ। **ਇਥੇ ਨਗਰ ਨ ਵਸਾਓ।**"

ਗੁਰੂਦੇਵ ਜੀ ਨੇ ਵਾਪਸੀ ਸੰਦੇਸ਼ ਭੇਜਿਆ ਕਿ ਅਸੀਂ ਇਹ ਜ਼ਮੀਨ ਖਰੀਦੀ ਹੋਈ ਹੈ। ਇਸ ਦਾ ਪਟਾ (ਰਜਿਸਟਰੀ) ਸਾਡੇ ਨਾਮ ਹੈ। ਜਿਥੋਂ ਤੱਕ ਲਗਾਨ ਦਾ ਸੁਆਲ ਹੈ, ਅਸੀਂ ਇਸ ਭੂਮੀ ਤੇ ਪਿੱਛਲੇ ਕਈ ਸਾਲਾਂ ਤੋਂ ਖੇਤੀ ਕੀਤੀ ਹੀ ਨਹੀਂ, ਇਸ ਲਈ ਲਗਾਨ ਕਿਸ ਗੱਲ ਦਾ? ਜ਼ਮੀਨ ਸਾਡੀ ਹੈ, ਅਸੀਂ ਇਸ ਦੀ ਕਿਸੇ ਤਰਾਂ ਵੀ ਵਰਤੋਂ ਕਰੀਏ।

ਇਹ ਜੁਆਬ ਸੁਣ ਕੇ ਕਰੋੜੀਆ ਬਹੁਤ ਕ੍ਰੋਧਿਤ ਹੋਇਆ। ਉਸ ਨੇ ਆਪਣੇ ਨਾਲ ਕੁਝ ਅਹਿਲਕਾਰ ਲਏ ਅਤੇ ਕਰਤਾਰਪੁਰ ਨੂੰ ਚੱਲ ਪਿਆ। ਰਾਹ ਵਿੱਚ ਇਕ ਥਾਂ ਤੇ ਉਸ ਦਾ ਘੋੜਾ ਡਰ ਕੇ ਬੇ-ਕਾਬੂ ਹੋ ਗਿਆ। ਜਿਸ ਕਾਰਨ ਕਰੋੜੀਆ ਘੋੜੇ ਤੋਂ ਹੇਠਾਂ ਡਿੱਗ ਪਿਆ ਅਤੇ ਲੱਤ ਤੇ ਸੱਟ ਲਗਣ ਕਾਰਨ ਵਾਪਸ ਮੁੜ ਗਿਆ।

ਠੀਕ ਹੋ ਜਾਣ ਤੇ ਉਹ ਦੁਬਾਰਾ ਆਪਣੇ ਅਹਿਲਕਾਰ ਲੈ ਕੇ ਕਰਤਾਰਪੁਰ ਵੱਲ ਤੁਰ ਪਿਆ। ਕਰੋਧਿਤ ਹੋਣ ਕਾਰਨ ਉਸ ਦੇ ਖ਼ੂਨ ਦਾ ਦਬਾਅ ਵਧ ਗਿਆ ਜਿਸ ਕਾਰਨ ਉਸ ਦੀਆਂ ਅੱਖਾਂ ਅੱਗੇ ਹਨੇਰਾ ਛਾ ਗਿਆ। ਉਹ ਚੱਕਰ ਖਾ ਕੇ ਘੋੜੇ ਤੋਂ ਡਿੱਗਣ ਲੱਗਾ ਤਾਂ ਉਸ ਦੇ ਅਹਿਲਕਾਰਾਂ ਨੇ ਉਸ ਨੂੰ ਸਹਾਰਾ ਦੇ ਕੇ ਬਚਾ ਲਿਆ। ਤਦ ਕਰੋੜੀਆ ਵਾਪਸ ਚਲਾ ਗਿਆ। ਘਰ ਜਾ ਕੇ ਸੋਚੀਂ ਪੈ ਗਿਆ। ਉਸ ਨੂੰ ਸਮਝ ਪੈ ਗਈ ਕਿ ਗੁਰੂ ਜੀ ਠੀਕ ਕਹਿੰਦੇ ਹਨ।

ਗੁਰੂਦੇਵ ਜੀ ਨੂੰ ਇਸ ਘਟਨਾ ਦਾ ਪਤਾ ਲੱਗਾ ਤਾਂ ਉਨ੍ਹਾਂ ਨੇ ਇਹ ਅਲਾਹੀ ਬਾਣੀ ਉਚਾਰਨ ਕੀਤੀ।

"ਨਾਨਕੁ ਆਖੈ ਰੇ ਮਨਾ ਸੁਣੀਐ ਸਿਖ ਸਹੀ॥ ਲੇਖਾ ਰਬੁ ਮੰਗੇਸੀਆ ਬੈਠਾ ਕਢਿ ਵਹੀ॥
ਤਲਬਾ ਪਉਸਨਿ ਆਕੀਆ ਬਾਕੀ ਜਿਨਾ ਰਹੀ॥ ਅਜਰਾਈਲੁ ਫਰੇਸਤਾ ਹੋਸੀ ਆਇ ਤਈ॥
ਆਵਣੁ ਜਾਣੁ ਨ ਸੁਝਈ ਭੀੜੀ ਗਲੀ ਫਹੀ॥ ਕੂੜ ਨਿਖੁਟੇ ਨਾਨਕਾ ਓੜਕਿ ਸਚਿ ਰਹੀ ॥੨॥" ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ- ੯੫੩

ਕੁਝ ਦਿਨਾਂ ਪਿਛੋਂ ਉਹੀ ਦੁਨੀਚੰਦ ਕਰੋੜੀਆ ਕੁਝ ਤੋਹਫੇ ਲੈ ਕੇ ਪੈਦਲ ਚੱਲ ਕੇ ਗੁਰੂਦੇਵ ਜੀ ਦੇ ਦਰਸ਼ਨਾਂ ਲਈ ਕਰਤਾਰਪੁਰ ਆਇਆ। ਗੁਰੂਦੇਵ ਜੀ ਦੀ ਮਹਿਮਾ, ਉਸ ਨੇ ਜਿਹੋ ਜਿਹੀ ਸੁਣੀ ਸੀ, ਉਵੇਂ ਹੀ ਵੇਖੀ। ਸਵੇਰੇ ਸ਼ਾਮ ਹਰਿਜਸ ਹੁੰਦਾ ਵੇਖ ਕੇ ਉਸ ਦਾ ਮਨ ਸ਼ਾਂਤ ਹੋ ਗਿਆ ਉਸ ਨੇ ਗੁਰੂਦੇਵ ਜੀ ਨੂੰ ਤੋਹਫੇ ਭੇਟ ਕੀਤੇ ਅਤੇ ਭੁੱਲ ਬਖਸ਼ਾਈ।

ਗੁਰੂਦੇਵ ਜੀ ਨੇ ਉਸ ਨੂੰ ਸਿੱਖਿਆ ਦੇਂਦੇ ਹੋਏ ਕਿਹਾ, **"ਘਰ ਬੈਠੇ ਅਨੁਮਾਨ ਲਾ ਕੇ ਫੈਸਲਾ ਕਰਨਾ ਵੱਡੀ ਭੁੱਲ ਹੁੰਦੀ ਹੈ। ਪ੍ਰਤੱਖ ਨੂੰ ਪ੍ਰਮਾਣ ਦੀ ਲੋੜ ਨਹੀਂ ਹੁੰਦੀ।"** ਦੁਨੀਚੰਦ ਉੱਪਰ ਇਤਨਾ ਪ੍ਰਭਾਵ ਪਿਆ ਕਿ ਉਸ ਨੇ 100 ਬਿਘਾ ਜ਼ਮੀਨ ਕਰਤਾਰਪੁਰ ਨਗਰ ਵਸਾਉਣ ਵਾਸਤੇ ਦਾਨ ਕਰ ਦਿੱਤੀ ਅਤੇ ਆਪਣੇ ਵੱਲੋਂ ਉਥੇ ਧਰਮਸਾਲਾ ਵੀ ਬਨਵਾਈ।



**ਗੁਰੂਦੇਵ ਜੀ ਦੁਨੀਚੰਦ ਕਰੋੜੀਆ ਨੂੰ ਉਪਦੇਸ਼ ਕਰਦਿਆਂ (ਕਰਤਾਰਪੁਰ)**

## ਬੁੜਾ (ਬਾਬਾ ਬੁੱਢਾ ਜੀ) ਦਾ ਕਰਤਾਰਪੁਰ ਆਉਣਾ ਅਤੇ ਗੁਰੂ ਘਰ ਨੂੰ ਸਮ੍ਰਪਤ ਹੋਣਾ

ਕੰਥੂ ਨੰਗਲ ਪਿੰਡ ਤੋਂ **'ਬੂੜਾ'** ਆਪਣੇ ਮਾਤਾ ਪਿਤਾ ਜੀ ਨਾਲ, ਗੁਰੂਦੇਵ ਜੀ ਨੂੰ ਦਿੱਤੇ ਵਚਨ ਅਨੁਸਾਰ ਕਰਤਾਪੁਰ ਆ ਗਿਆ। ਕੁਝ ਦਿਨ ਗੁਰੂਦੇਵ ਜੀ ਦੀ ਸੰਗਤ ਮਾਨਣ ਉਪ੍ਰੰਤ ਉਹ ਗੁਰੂ ਘਰ ਨੂੰ ਸਮ੍ਰਪਿੱਤ ਹੋ ਗਿਆ।

ਬੂੜੇ ਦੇ ਮਾਤਾ ਪਿਤਾ ਉਸ ਨੂੰ ਗੁਰੂਦੇਵ ਜੀ ਨੂੰ ਸੌਂਪ ਕੇ ਖੁਸ਼ੀ ਖੁਸ਼ੀ ਵਾਪਸ ਆਪਣੇ ਪਿੰਡ ਚਲੇ ਗਏ।

ਬੂੜੇ ਨੇ ਗੁਰੂਦੇਵ ਜੀ ਦੇ ਬਚਨ ਸਿਰ ਮੱਥੇ ਪ੍ਰਵਾਨ ਕੇ ਗੁਰੂ ਘਰ ਦੀ ਸੇਵਾ ਆਰੰਭ ਕਰ ਦਿੱਤੀ।

**ਸੰਗਤ ਵਿੱਚ ਵਿਚਰਦਿਆਂ ਗਿਆਨ ਦੀਆਂ ਗੱਲਾਂ ਕਰਨ ਕਰਕੇ ਬੂੜੇ ਨੂੰ ਸਾਰੀ ਸੰਗਤ ਭਾਈ ਬੁੱਡਾ ਜੀ ਆਖਣ ਲੱਗੀ ਅਣਥੱਕ ਸੇਵਾ ਕਰਦਿਆਂ ਅਤੇ ਸਿਆਣੱਪ ਭਰੇ ਬੋਲਾਂ ਸਦਕਾ ਗੁਰੂਦੇਵ ਜੀ ਨੇ ਆਪ ਜੀ ਨੂੰ ਬਾਬਾ ਬੁੱਡਾ ਜੀ ਦਾ ਸਨਮਾਨਿੱਤ ਨਾਮ ਦਿੱਤਾ।**

ਆਪ ਜੀ ਸ੍ਰੀ ਗੁਰੂ ਅੰਗਦ ਦੇਵ ਜੀ ਨਾਲ ਖਡੂਰ ਸਾਹਿਬ ਵਿਖੇ ਜਾ ਕੇ ਵੀ ਗੁਰੂ ਘਰ ਨੂੰ ਸਮਰਪਤ ਰਹੇ।

ਸ੍ਰੀ ਗੋਇੰਦਵਾਲ ਸਾਹਿਬ ਜੀ, ਵਸਾਉਣ ਵੇਲੇ ਸ੍ਰੀ ਗੁਰੂ ਅਮਰ ਦਾਸ ਜੀ ਨੇ ਬਾਉਲੀ ਸਾਹਿਬ ਦਾ ਟੱਕ ਵੀ ਬਾਬਾ ਜੀ ਦੇ ਕਰ ਕਮਲਾਂ ਦੁਆਰਾ ਲਗਵਾਇਆ।

ਸ੍ਰੀ ਗੁਰੂ ਰਾਮ ਦਾਸ ਜੀ ਦੇ ਆਦੇਸ਼ ਸਦਕਾ, ਰਾਮਦਾਸਪੁਰ (ਅੰਮ੍ਰਿਤਸਰ) ਦੀ ਮੋਹੜੀ ਬਾਬਾ ਜੀ ਨੇ ਗੱਡੀ, ਅੰਮ੍ਰਿਤ ਸ੍ਰੋਵਰ ਦਾ ਪਹਿਲਾ ਟੱਪ ਲਾਇਆ ਅਤੇ ਆਪਣੀ ਦੇਖ ਰੇਖ ਹੇਠ ਬੇਰੀ ਦੇ ਰੁੱਖ ਹੇਠਾਂ ਬੈਠ ਕੇ ਸਰੋਵਰ ਸੰਪੂਰਨ ਕਰਵਾਇਆ। **ਉਹ ਬੇਰੀ ਦਾ ਰੁੱਖ,** ਅੱਜ ਵੀ ਅੰਮ੍ਰਿਤ ਸਰੋਵਰ ਦੇ ਕੰਢੇ, ਘੰਟਾ ਘਰ ਵਾਲੇ ਪਾਸੇ **'ਬੇਰ ਬਾਬਾ ਬੁੱਢਾ ਜੀ',** ਹਰਿਆ ਭਰਿਆ ਖੜਾ ਹੈ। ਉਪ੍ਰੰਤ ਹਰਿਮੰਦਿਰ ਸਾਹਿਬ ਜੀ ਦੀ ਉਸਾਰੀ ਵੀ ਆਪ ਜੀ ਨੇ ਏਸੇ ਬੇਰੀ ਹੇਠ ਬੈਠ ਕੇ ਕਰਵਾਈ।

ਸ੍ਰੀ ਗੁਰੂ ਅਰਜਨ ਦੇਵ ਜੀ ਦੇ ਆਦੇਸ਼ ਅਨੁਸਾਰ ਹਰਿਮੰਦਰ ਸਾਹਿਬ ਵਿਖੇ **ਪੋਥੀ ਪ੍ਰਮੇਸ਼ਰ ਕਾ ਥਾਨ** ਦਾ ਪਹਿਲਾ ਪ੍ਰਕਾਸ਼ ਕਰਨ ਉਪ੍ਰੰਤ ਪਹਿਲਾ ਹੁਕਮਨਾਮਾ ਪੜ੍ਹ ਕੇ ਸੰਗਤ ਨੂੰ ਸੁਨਾਉਣ ਦਾ ਅਤੇ ਸ੍ਰੀ ਹਰਿ ਮੰਦਿਰ ਸਾਹਿਬ ਜੀ ਦੇ ਪਹਿਲੇ ਮੁੱਖ ਗ੍ਰੰਥੀ ਹੋਣ ਦਾ ਸੁਭਾਗ ਵੀ ਆਪ ਜੀ ਨੂੰ ਪ੍ਰਾਪਤ ਹੋਇਆ।

ਆਪ ਜੀ ਨੇ ਸੰਗਤ ਦੇ ਸਹਿਯੋਗ ਨਾਲ ਸ਼ਬਦ ਚੌਂਕੀਆਂ ਦੀ ਪ੍ਰੰਪਰਾਂ ਆਰੰਭ ਕੀਤੀ।

ਬਾਬਾ ਜੀ ਨੇ ਸ੍ਰੀ ਗੁਰ ਹਰਿਗੋਬਿੰਦ ਸਾਹਿਬ ਜੀ ਨੂੰ ਮੀਰੀ ਅਤੇ ਪੀਰੀ ਦੀਆਂ ਦੋ ਤਲਵਾਰਾਂ ਧਾਰਨ ਕਰਵਾਈਆਂ।

ਸ੍ਰੀ ਅੰਮ੍ਰਿਤਸਰ ਤੋਂ ਗਵਾਲੀਅਰ ਦੇ ਕਿਲੇ ਤੱਕ ਬਾਬਾ ਜੀ ਸੰਗਤ ਸਮੇਤ ਪੈਦਲ ਚੱਲ ਕੇ ਚੌਂਕੀਆਂ ਲੈ ਕੇ ਜਾਂਦੇ ਰਹੇ।

## ਪੋਥੀ ਪ੍ਰਮੇਸ਼ਰ ਕੇ ਥਾਨ ਦਾ ਪਹਿਲਾ ਹੁਕਮ ਨਾਮਾ

ਸੂਹੀ ਮਹਲਾ ੫॥

" ਸੰਤਾ ਕੇ ਕਾਰਜਿ ਆਪਿ ਖਲੋਇਆ ਹਰਿ ਕੰਮੁ ਕਰਾਵਣਿ ਆਇਆ ਰਾਮ॥ ਧਰਤਿ ਸੁਹਾਵੀ ਤਾਲੁ ਸੁਹਾਵਾ ਵਿਚਿ ਅੰਮ੍ਰਿਤ ਜਲੁ ਛਾਇਆ ਰਾਮ॥ ਅੰਮ੍ਰਿਤ ਜਲੁ ਛਾਇਆ ਪੂਰਨ ਸਾਜੁ ਕਰਾਇਆ ਸਗਲ ਮਨੋਰਥ ਪੂਰੇ॥ ਜੈ ਜੈ ਕਾਰੁ ਭਇਆ ਜਗ ਅੰਤਰਿ ਲਾਥੇ ਸਗਲ ਵਿਸੂਰੇ॥ ਪੂਰਨ ਪੁਰਖ ਅਚੁਤ ਅਬਿਨਾਸੀ ਜਸੁ ਵੇਦ ਪੁਰਾਣੀ ਗਾਇਆ॥ ਅਪਨਾ ਬਿਰਦੁ ਰਖਿਆ ਪਰਮੇਸਰਿ ਨਾਨਕ ਨਾਮੁ ਧਿਆਇਆ ॥੧॥"

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ- ੭੮੩

ਨੋਟ:- ਬਾਬਾ ਜੀ ਨੇ 125 ਸਾਲ 25 ਦਿਨ ਦੀ ਆਰਬਲਾ ਭੋਗਦਿਆਂ 5 ਪਾਤਸ਼ਾਹੀਆਂ ਦੀ ਗੁਰਗੱਦੀ ਦੀਆਂ ਰਸਮਾਂ ਨਿਭਾਈਆਂ, 6 ਗੁਰੂ ਸਾਹਿਬਾਨ ਜੀ ਦੀ ਸੰਗਤ ਮਾਣੀ, 2 ਸੰਭਾਵੀ ਗੁਰੂ ਸਾਹਿਬਾਨ ਦੇ ਵੀ ਦਰਸ਼ਨ ਕੀਤੇ।

## ਗੁਰੂ ਜੀ ਦੇ ਮਾਤਾ ਪਿਤਾ ਜੀ ਦਾ ਕਰਤਾਰਪੁਰ ਆਉਣਾ

ਕਰਤਾਰਪੁਰ ਵਿੱਖੇ ਸੇਵਕਾਂ ਦੇ ਪਰਵਾਰਾਂ ਦੇ ਅਤੇ ਉਨ੍ਹਾਂ ਦੇ ਆਪਣੇ ਰਹਿਣ ਲਈ ਘਰ ਬਣ ਜਾਣ ਉਪ੍ਰੰਤ ਗੁਰੂਦੇਵ ਜੀ ਨੇ ਆਪਣੇ ਛੋਟੇ ਪੁੱਤਰ ਲੱਖਮੀ ਦਾਸ ਨੂੰ ਭਾਈ ਮਰਦਾਨਾ ਜੀ ਨਾਲ ਤਲਵੰਡੀ ਭੇਜਿਆ ਕਿ ਉਹ ਆਪਣੇ ਦਾਦਾ-ਦਾਦੀ ਅਤੇ ਭਾਈ ਮਰਦਾਨਾ ਜੀ ਦੇ ਪਰਿਵਾਰ ਨੂੰ ਕਰਤਾਰਪੁਰ ਲੈ ਆਉਣ।

ਘਰੇਲੂ ਜ਼ਰੂਰੀ ਵਸਤਾਂ ਗੱਡਿਆਂ ਉਪਰ ਲੱਦ ਕੇ ਕੁਝ ਦਿਨਾਂ ਵਿੱਚ ਮਾਤਾ ਤ੍ਰਿਪਤਾ ਜੀ, ਪਿਤਾ ਬਾਬਾ ਕਾਲੂ ਜੀ, ਚਾਚਾ ਲਾਲੂ ਜੀ ਅਤੇ ਭਾਈ ਮਰਦਾਨਾ ਜੀ ਦਾ ਪ੍ਰਵਾਰ ਕਰਤਾਰਪੁਰ ਆ ਗਏ।

## ਗੁਰੂ ਜੀ ਦਾ ਸਿਆਲਕੋਟ ਜਾਣਾ

ਸ੍ਰੀ ਗੁਰੂ ਨਾਨਕ ਦੇਵ ਜੀ, ਕਰਤਾਰਪੁਰ ਨਗਰ ਨੂੰ ਵਪਾਰਿੱਕ ਕੇਂਦਰ ਬਣਾਉਣ ਵਾਸਤੇ, 80 ਕਿਲੋ ਮੀਟਰ ਚੱਲ ਕੇ ਸਿਆਲਕੋਟ ਨਗਰ ਤੋਂ ਵਪਾਰੀਆਂ ਨੂੰ ਸੱਦਾ ਦੇਣ ਲਈ ਗਏ। ਉਥੇ ਆਪ ਜੀ ਦਾ ਇਕ ਸਿੱਖ, **ਭਾਈ ਮੂਲਚੰਦ ਵੀ ਰਹਿੰਦਾ ਸੀ।** ਉਥੇ ਪਹੁੰਚ ਕੇ ਗੁਰੂਦੇਵ ਜੀ ਨੇ ਭਾਈ ਮਰਦਾਨਾ ਜੀ ਰਾਹੀਂ ਉਸ ਨੂੰ ਸੱਦ ਭੇਜਿਆ।

ਮੂਲਚੰਦ ਦੀ ਪੱਤਨੀ ਨੂੰ ਜਦੋਂ ਪਤਾ ਲੱਗਾ ਕਿ ਉਹੀ ਸੰਤ ਹਨ ਜਿਨ੍ਹਾਂ ਦੇ ਨਾਲ ਉਸ ਦਾ ਪਤੀ ਪਹਿਲਾਂ ਵੀ ਚਲਾ ਗਿਆ ਸੀ ਤਾਂ ਉਸ ਨੇ ਸੋਚਿਆ ਇਸ ਵਾਰ ਵੀ ਉਸ ਦਾ ਪਤੀ ਉਨ੍ਹਾਂ ਦੇ ਨਾਲ ਨਾ ਚਲਾ ਜਾਵੇ। ਇਸ ਲਈ ਉਸ ਨੇ ਮੂੱਲ ਚੰਦ ਨੂੰ ਛੁੱਪ ਜਾਣ ਲਈ ਮਜਬੂਰ ਕਰ ਦਿੱਤਾ ਅਤੇ ਝੂਠ ਹੀ ਕਹਿ ਦਿੱਤਾ ਕਿ ਮੂਲਚੰਦ ਘਰ ਨਹੀਂ ਹੈ। ਕਿਤੇ ਬਾਹਰ ਗਏ ਹੋਏ ਹਨ।

ਅਸਲ ਵਿੱਚ ਮੂਲ ਚੰਦ ਹਨੇਰੇ ਤੇ ਕੱਚੇ ਕੋਠੇ ਵਿੱਚ ਜਾ ਲੁਕਿਆ। ਜਿਥੇ ਲਕੜ ਬਾਲਣ ਤੇ ਪਾਥੀਆਂ ਹੋਣ ਕਰਕੇ, ਛੁਪੇ ਕੇ ਬੈਠੇ **ਸੱਪ ਨੇ ਮੂਲ ਚੰਦ ਨੂੰ ਡੱਸ ਲਿਆ** ਜਿੱਸ ਕਾਰਨ ਉੱਸ ਦੀ ਮੌਤ ਹੋ ਗਈ। ਇੱਸ ਤਰਾਂ ਉੱਸ ਦੀ ਪਤਨੀ ਨੇ ਆਪਣੇ ਕੀਤੇ ਦੀ ਵੱਡੀ ਸਜ਼ਾ ਪਾਈ।

ਗੁਰੂਦੇਵ ਜੀ ਨੇ ਵਪਾਰੀਆਂ ਦੀ ਇਕ ਸਭਾ ਬੁਲਾਈ, ਜਿਸ ਵਿੱਚ ਕਰਤਾਰਪੁਰ ਵਿਖੇ ਜਾ ਕੇ ਵੱਸਣ ਲਈ ਮੁਫਤ ਜ਼ਮੀਨ ਦੇਣ ਦਾ ਬਚਨ ਕੀਤਾ। ਵਪਾਰੀ ਅਤੇ ਕਾਰੀਗਰ ਕਰਤਾਰਪੁਰ ਜਾ ਕੇ ਵਸਣ ਲਈ ਝੱਟ ਤਿਆਰ ਹੋ ਗਏ।

ਮੂਲਚੰਦ ਦੀ ਮੌਤ ਬਾਰੇ ਗੁਰੂਦੇਵ ਜੀ ਨੂੰ ਦੱਸਿਆ ਗਿਆ। ਉਸ ਦੀ ਪੱਤਨੀ ਨੇ ਆ ਕੇ ਬੇਨਤੀ ਕੀਤੀ ਕਿ ਉਸ ਨੂੰ ਮੁਆਫ ਕਰ ਦਿੱਤਾ ਜਾਵੇ। ਗੁਰੂਦੇਵ ਜੀ ਨੇ ਕਿਹਾ, "ਠੀਕ ਹੈ ਮੂਲ ਚੰਦ ਦਾ ਕਲਿਆਣ, ਉਹ ਆਪਣੇ ਦਸਵੇਂ ਜਾਮੇ ਵਿੱਚ ਕਰਨਗੇ।" ਨਾਲ ਹੀ ਗੁਰੂਦੇਵ ਜੀ ਨੇ ਇਹ ਅਲਾਹੀ ਸਲੋਕ ਉਚਾਰਨ ਕੀਤਾ:-

"ਨਾਲਿ ਕਿਰਾੜਾ ਦੋਸਤੀ ਕੂੜੈ ਕੂੜੀ ਪਾਇ॥ ਮਰਣੁ ਨ ਜਾਪੈ ਮੂਲਿਆ ਆਵੈ ਕਿਤੈ ਥਾਇ ॥੨੧॥ ਗਿਆਨ ਹੀਣੰ ਅਗਿਆਨ ਪੂਜਾ॥ ਅੰਧ ਵਰਤਾਵਾ ਭਾਉ ਦੂਜਾ ॥੨੨॥ ਗੁਰ ਬਿਨੁ ਗਿਆਨੁ ਧਰਮ ਬਿਨੁ ਧਿਆਨੁ॥ ਸਚ ਬਿਨੁ ਸਾਖੀ ਮੂਲੋ ਨ ਬਾਕੀ ॥੨੩॥ ਮਾਣੂ ਘਲੈ ਉਠੀ ਚਲੈ॥ ਸਾਦੁ ਨਾਹੀ ਇਵੇਹੀ ਗਲੈ॥੨੪॥

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ- ੧੪੧੨

ਨੋਟ:- ਸ੍ਰੀ ਗੁਰੂ ਗੋਬਿੰਦ ਸਿੰਘ ਜੀ, 18ਵੀਂ ਸਦੀ ਈਸਵੀ ਦੇ ਪਹਿਲੇ ਦਹਾਕੇ ਵਿੱਚ, ਨਾਦੇੜ ਦੀ ਧਰਤੀ ਤੇ ਪਧਾਰੇ। ਮੂਲ ਚੰਦ ਜੋ ਕਿ ਉਥੇ ਉਸ ਸਮੇਂ ਇਕ ਖਰਗੋਸ਼ ਦਾ ਜੀਵਨ ਜੀ ਰਿਹਾ ਸੀ। ਗੁਰੂ ਜੀ ਨੇ ਉਸ ਦਾ ਸ਼ਿਕਾਰ ਕਰਕੇ ਉਸ ਦਾ ਪਾਰ ਉਤਾਰਾ ਕੀਤਾ। ਉਸ ਦੀ ਯਾਦ ਵਿੱਚ ਉਥੇ ਗੁਰਦਵਾਰਾ ਸ਼ਿਕਾਰ ਘਾਟ ਸੁਸ਼ੋਬਤ ਹੈ।

ਥੋੜੇ ਸਮੇਂ ਵਿੱਚ ਹੀ, ਕਰਤਾਰਪੁਰ ਨੱਗਰ ਦੀ ਵੱਸੋਂ ਦੁੱਗਣੀ-ਚੌਗੁਣੀ ਹੋ ਗਈ। ਗੁਰੂਦੇਵ ਜੀ ਦੇ ਦਰਸ਼ਨਾਂ ਲਈ ਦਿਨ-ਰਾਤ ਸ਼ਰਧਾਲੂ ਆਉਣ ਲੱਗੇ। ਇਸ ਲਈ ਗੁਰੂਦੇਵ ਜੀ ਨੇ ਲੰਗਰ ਦਾ ਪ੍ਰਬੰਧ ਵੀ ਕਰ ਦਿੱਤਾ।

## ਨਿੱਤ ਦਾ ਕਾਰ ਵਿਹਾਰ

ਗੁਰੂ ਜੀ ਅੰਮ੍ਰਿਤ ਵੇਲੇ ਉੱਠ ਕੇ ਰਾਵੀ ਨਦੀ ਵਿੱਚ ਇਸ਼ਨਾਨ ਕਰਨ ਉਪ੍ਰੰਤ ਧਰਮਸਾਲਾ ਵਿੱਚ ਬੈਠ ਕੇ ਪ੍ਰਭੂ ਚਿੰਤਨ ਕਰਦੇ। ਸੰਗਤ ਦੇ ਆਉਣ ਤੇ ਅਲਾਹੀ ਕੀਰਤਨ ਆਰੰਭ ਹੋ ਜਾਂਦਾ। ਕੀਰਤਨ ਦੀ ਸਮਾਪਤੀ ਤੇ ਪ੍ਰਸ਼ਾਦਾ ਪਾਣੀ ਛਕਣ ਉਪ੍ਰੰਤ ਗੁਰੂਦੇਵ ਜੀ ਆਪ ਵੀ ਖੇਤਾਂ ਵਿੱਚ ਕੰਮ ਕਰਨ ਜਾਂਦੇ। ਸੰਧਿਆ ਵੇਲੇ ਸਤਿਸੰਗ ਹੁੰਦਾ। ਗੁਰੂਦੇਵ ਜੀ ਸ਼ਰਧਾਲੂਆਂ ਦੇ ਮਨ ਦੇ ਸ਼ੰਕੇ ਨਿਵਿਰਤ ਕਰਦੇ। ਵਿਚਾਰ-ਵਟਾਂਦਰਾ ਹੁੰਦਾ ਰਹਿੰਦਾ।

ਗੁਰਦੇਵ ਜੀ ਨੇ ਹੱਥੀਂ ਖੇਤੀ ਕਰਕੇ ਇਸ ਸੰਸਾਰ ਵਿੱਚ ਪਹਿਲੀ ਵਾਰ ਸਾਰੇ ਵਰਗਾਂ ਦੇ ਲੋਕਾਂ ਨੂੰ ਇਕ ਪੰਗਤ ਵਿੱਚ ਬੈਠਾ ਕੇ ਲੰਗਰ ਛਕਾਇਆ ਅਤੇ ਸਮੁੱਚੀ ਮਾਨਵਤਾ ਨੂੰ ਸੰਗਤ ਦਾ ਰੂਪ ਦਿੱਤਾ। **ਜਿਸ ਦੇ ਫਲਸਰੂਪ ਸਿੱਖ ਸੰਗਤ** ਵਲੋਂ ਅੱਜ ਕਈ ਪ੍ਰਕਾਰ ਦੇ ਲੰਗਰ ਜਿਵੇਂ **ਕਪੜੇ, ਦਵਾਈਆਂ, ਆਕਸੀਜਨ, ਅੱਖਾਂ ਆਦਿ ਦੇ ਲੰਗਰ ਵੀ ਲਗਾਏ ਜਾ ਰਹੇ ਹਨ।** ਗੁਰੂ ਕੇ ਲੰਗਰਾਂ ਵਿੱਚ ਅਤੇ ਗੁਰੂ ਕੀ ਸੰਗਤ ਵਿੱਚ ਕਿਸੇ ਪ੍ਰਕਾਰ ਦਾ ਭਿੰਨ ਭੇਦ ਨਹੀਂ ਕੀਤਾ ਜਾਂਦਾ। ਸੰਗਤ ਵਿੱਚ ਦੇਗ ਵਰਤਾਉਂਦਿਆਂ ਕਿਸੇ ਮਨੁੱਖ ਦੀ ਜਾਤਿ ਅਤੇ ਧਰਮ ਨਹੀਂ ਪੁੱਛਿਆ ਜਾਂਦਾ।

ਇਸ ਤਰਾਂ ਅਲਾਹੀ ਮੂਲ ਸਿਧਾਂਤ, **'ਕਿਰਤ ਕਰੋ ਵੰਡ ਛਕੋ ਨਾਮ ਜਪੋ'** ਨੂੰ ਸਾਕਾਰ ਕੀਤਾ ਗਿਆ।

**ਨਿਰਸੰਦੇਹ, ਕਰਤਾਰਪੁਰ ਨਗਰ ਵਸਾ ਕੇ ਗੁਰੂ ਜੀ ਨੇ ਸਿੱਖੀ ਦਾ ਅਜਿਹਾ ਬੂਟਾ ਲਾਇਆ। ਜਿਸ ਦੀ ਸੰਘਣੀ ਛਾਂ ਅਤੇ ਮਿੱਠੇ ਫਲਾਂ ਦਾ ਆਨੰਦ, ਸਮੁੱਚੀ ਮਾਨਵਤਾ ਮਾਣ ਰਹੀਂ ਹੈ।**

**ਸ੍ਰੀ ਕਰਤਾਰਪੁਰ ਸਾਹਿਬ, ਸਿੱਖੀ ਦਾ ਧੁਰਾ ਹੋਣ ਦੇ ਨਾਲ ਨਾਲ ਸਰਬ ਸਾਂਝੀਵਾਲਤਾ ਦਾ ਥੰਮ ਵੀ ਸਾਬਤ ਹੋਇਆ ਹੈ। ਇਸੇ ਥੰਮ ਉਪਰ ਸਮੁੱਚੇ ਸੰਸਾਰ ਵਿੱਚ ਗੁਰੂ ਘਰ ਉਸਾਰੇ ਗਏ ਹਨ। ਗੁਰਦੁਆਰਿਆਂ ਵਿੱਚ ਬਿਨਾਂ ਕਿਸੇ ਵਿਤਕਰੇ ਦੇ ਸਭ ਨੂੰ ਗੁਰੂ ਕੀ ਸੰਗਤ ਦੇ ਰੂਪ ਵਿੱਚ ਪੂਰਨ ਸਤਿਕਾਰ ਸਹਿਤ ਨਿਵਾਜਿਆ ਜਾਂਦਾ ਹੈ।**





ਸ੍ਰੀ ਗੁਰੂ ਨਾਨਕ ਦੇਵ ਜੀ, ਸ੍ਰੀ ਕਰਤਾਰਪੁਰ ਵਿਖੇ ਹਲ ਵਾਹੁੰਦਿਆਂ





ਟਿੰਡਾਂ ਵਾਲਾ ਖੂਹ, ਕਰਤਾਰਪੁਰ   ਕਰਤਾਰਪੁਰ ਵਿੱਖੇ ਖੇਤਾਂ ਨੂੰ ਪਾਣੀ ਲਾਉਂਦਿਆਂ



ਅਜੋਕੇ ਸਮੇਂ ਦਾ ਗੁਰਦੁਆਰਾ, ਸ੍ਰੀ ਕਰਤਾਰਪੁਰ ਸਾਹਿਬ (ਪਾਕਿਸਤਾਨ)




ਸ੍ਰੀ ਕਰਤਾਰਪੁਰ ਸਾਹਿਬ ਦੇ ਦਰਸ਼ਨਾਂ ਵਾਸਤੇ ਵਿਸ਼ੇਸ਼ ਲਾਂਘੇ ਰਾਹੀਂ ਜਾਂਦੇ ਹੋਏ ਭਾਰਤੀ ਯਾਤਰੀ

## ਵੈਸ਼ਨਵ ਸਾਧੂ

ਕਰਤਾਰਪੁਰ ਵਿਖੇ ਇਕ ਦਿਨ ਇਕ ਵੈਸ਼ਨਵ ਸਾਧੂ ਗੁਰੁਦੇਵ ਜੀ ਦੇ ਦਰਸ਼ਨਾਂ ਲਈ ਆਇਆ। ਉਸ ਨੇ ਪੰਗਤ ਵਿੱਚ ਬੈਠ ਕੇ ਲੰਗਰ ਨਾ ਛਕਿਆ ਅਤੇ ਕਹਿਣ ਲੱਗਾ, "ਮੈਂ ਆਪਣਾ ਭੋਜਨ ਆਪਣੇ ਹੱਥੀਂ ਪੂਰੀ ਪਵਿੱਤਰਤਾ ਨਾਲ ਤਿਆਰ ਕਰਦਾ ਹਾਂ।" ਗੁਰੁਦੇਵ ਜੀ ਨੇ ਕਿਹਾ, "ਠੀਕ ਹੈ, ਤੂੰ ਪਹਿਲਾਂ ਚੁੱਲਾ ਚੌਕਾ (ਭੋਜਨ ਪਕਾਉਣ ਦੀ ਥਾਂ) ਬਣਾ ਲੈ ਫਿਰ ਭੋਜਨ ਤਿਆਰ ਕਰਨ ਲਈ ਲੰਗਰ ਵਿੱਚੋਂ ਸੁੱਕਾ ਰਾਸ਼ਨ ਲੈ ਲੈਣਾ।

ਉਹ, ਜਿਸ ਥਾਂ ਨੂੰ ਚੁੱਲਾ ਬਨਾਉਣ ਲਈ ਪੁੱਟਦਾ ਉਥੋਂ ਹੱਡੀਆਂ ਹੀ ਨਿਕਲਦੀਆਂ। ਅਖੀਰ ਵਿੱਚ ਉਹ ਭੁੱਖਾ-ਪਿਆਸਾ, ਥੱਕਿਆ-ਹਾਰਿਆ ਗੁਰੂ ਜੀ ਨੂੰ ਬੇਨਤੀ ਕਰਨ ਲੱਗਾ, **"ਮੈਨੂੰ ਭੋਜਨ ਛਕਾਓ ਜੀ"**।। ਸਿੱਖਾਂ ਨੇ ਉਸ ਨੂੰ ਪੰਗਤ ਵਿੱਚ ਬਠਾ ਕੇ ਆਦਰ ਸਹਿਤ ਲੰਗਰ ਛਕਾਇਆ।

ਲੰਗਰ ਛਕਣ ਉਪ੍ਰੰਤ ਗੁਰੁਦੇਵ ਜੀ ਨੇ ਉਸ ਸਾਧੂ ਨੂੰ ਕਿਹਾ, **"ਬਿਨਾਂ ਕਿਸੇ ਆਧਾਰ ਦੇ ਪਵਿੱਤਰਤਾ ਦੇ ਨਾਂ ਤੇ ਪਾਖੰਡ ਕਰਨਾ ਆਪਣੇ ਲਈ ਝੰਜਟ ਮੁੱਲ ਲੈਣਾ ਹੁੰਦਾ ਹੈ।** ਆਟਾ, ਪਾਣੀ, ਨਮਕ ਅਤੇ ਘਿਉ ਆਦਿ ਦਾ ਮਿਸ਼ਰਣ ਅੱਗ ਤੇ ਪਕਾਉਂਦਿਆਂ ਹੀ ਪਵਿੱਤਰ ਹੋ ਜਾਂਦਾ ਹੈ। ਭੋਜਨ ਤਿਆਰ ਕਰਨ ਵਾਲਾ ਭਾਵੇਂ ਕੋਈ ਵੀ ਹੋਵੇ। **ਕੇਵਲ ਉਹੀ ਮਨੁੱਖ ਪਵਿੱਤਰ ਹੈ ਜੋ ਪ੍ਰਭੂ ਦਾ ਨਾਮ ਜਪਦਾ ਹੈ।** ਜੋ ਲੋਕ ਪ੍ਰਭੂ ਚਿੰਤਨ ਤੋਂ ਦੂਰ ਹਨ, ਬੇਸ਼ਕ ਉਹ ਲੱਖ ਵਾਰ ਇਸ਼ਨਾਨ ਕਰਨ ਤੇ ਖਾਣ ਵਾਲੀਆਂ ਚੀਜ਼ਾਂ ਨੂੰ ਧੋਣ, ਤਾਂ ਵੀ ਉਹ ਪਵਿੱਤਰ ਨਹੀਂ ਹੋ ਸਕਦੇ।"

ਇਸ ਪ੍ਰਥਾਏ ਗੁਰੁਦੇਵ ਜੀ ਨੇ ਇਹ ਅਲਾਹੀ ਸ਼ਬਦ ਉਚਾਰਨ ਕੀਤੇ।

"ਪਹਿਲਾ ਸੁਚਾ ਆਪਿ ਹੋਇ ਸੁਚੈ ਬੈਠਾ ਆਇ ।। ਸੁਚੇ ਆਗੈ ਰਖਿਓਨੁ ਕੋਇ ਨ ਭਿਟਿਓ ਜਾਇ ।।
ਸੁਚਾ ਹੋਇ ਕੈ ਜੇਵਿਆ ਲਗਾ ਪੜਣਿ ਸਲੋਕੁ ।। ਕੁਹਥੀ ਜਾਈ ਸਟਿਆ ਕਿਸੁ ਏਹੁ ਲਗਾ ਦੋਖੁ ।।
ਅੰਨੁ ਦੇਵਤਾ ਪਾਣੀ ਦੇਵਤਾ ਬੈਸੰਤਰੁ ਦੇਵਤਾ ਲੂਣੁ ਪੰਜਵਾ ਪਾਇਆ ਘਿਰਤੁ ।। ਤਾ ਹੋਆ ਪਾਕੁ ਪਵਿਤੁ ।।
ਪਾਪੀ ਸਿਉ ਤਨੁ ਗਡਿਆ ਥੁਕਾ ਪਈਆ ਤਿਤੁ ।। ਜਿਤੁ ਮੁਖਿ ਨਾਮੁ ਨ ਉਚਰਹਿ ਬਿਨੁ ਨਾਵੈ ਰਸ ਖਾਹਿ ।।
ਨਾਨਕ ਏਵੈ ਜਾਣੀਐ ਤਿਤੁ ਮੁਖਿ ਥੁਕਾ ਪਾਹਿ ।।੧।।"
ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ- ੪੭੩

"ਸੂਚੇ ਏਹਿ ਨ ਆਖੀਅਹਿ ਬਹਨਿ ਜਿ ਪਿੰਡਾ ਧੋਇ ।। ਸੂਚੇ ਸੇਈ ਨਾਨਕਾ ਜਿਨ ਮਨਿ ਵਸਿਆ ਸੋਇ ।।੨।।"
ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ- ੪੭੨



**ਸ੍ਰੀ ਗੁਰੂ ਨਾਨਕ ਦੇਵ ਜੀ, ਸ੍ਰੀ ਕਰਤਾਰਪੁਰ ਸਾਹਿਬ ਵਿੱਖੇ ਅਲਾਹੀ ਕੀਰਤਨ ਦਾ ਆਨੰਦ ਮਾਣਦੇ ਹੋਏ।**

## ਗੁਰੂਦੇਵ ਜੀ, ਅਚੱਲ ਬਟਾਲਾ ਵਿੱਚ

ਇਹ ਅਸਥਾਨ ਸ੍ਰੀ ਕਰਤਾਰਪੁਰ ਸਾਹਿਬ ਤੋਂ 25 ਮੀਲ (40 ਕਿਲੋ ਮੀਟਰ) ਬਟਾਲਾ ਸ਼ਹਿਰ ਦੇ ਕੋਲ ਹੈ ਇਥੇ ਸ਼ਿਵਰਾਤਰੀ ਦੇ ਮੇਲੇ ਤੇ ਸੈਂਕੜੇ ਜੋਗੀ ਨਾਥ ਆਇਆ ਕਰਦੇ ਸਨ। **(ਅੱਜ ਵੀ ਉਥੇ ਮੇਲਾ ਲੱਗਦਾ ਹੈ)**

ਉਥੇ ਤਿੰਨ ਤਰਾਂ ਦੇ ਇਕੱਠ ਸਨ। ਗੁਰੂ ਜੀ ਦਾ ਅਲਾਹੀ ਸਤਿਸੰਗ, ਜੋਗੀਆਂ ਦਾ ਟੋਲਾ ਅਤੇ ਤੀਜਾ ਖੇਲ ਤਮਾਸ਼ੇ ਕਰਨ ਵਾਲੇ। ਪ੍ਰੰਤੂ ਜੋਗੀਆਂ ਨਾਲੋਂ ਸਤਿਸੰਗ ਵਿੱਚ ਇਕੱਠ ਵਧੇਰੇ ਹੋਣ ਕਰਕੇ। ਜੋਗੀਆਂ ਨੇ ਈਰਖਾ ਵੱਸ ਗੁਰੂ ਜੀ ਦਾ ਨਿਰਾਦਰ ਕਰਨ ਦੀ ਠਾਣੀ (ਸੋਚਿਆ)।

ਖੇਲ ਤਮਾਸ਼ਾ ਕਰਨ ਵਾਲਿਆਂ ਦਾ ਮਾਇਆ ਵਾਲਾ ਲੋਟਾ (ਭਾਂਡਾ), ਜੋਗੀਆਂ ਨੇ ਚੁਰਾ ਕੇ ਲੁਕਾ ਦਿੱਤਾ। ਇਹ ਕੰਮ ਇਸ ਲਈ ਕੀਤਾ ਕਿ ਤਮਾਸ਼ੇ ਵਾਲੇ ਗੁਰੂ ਜੀ ਨੂੰ ਲੋਟਾ ਲੁਭਾਉਣ ਲਈ ਕਹਿਣਗੇ ਪਰ ਗੁਰੂ ਜੀ ਨਹੀਂ ਲਭ ਸਕਣਗੇ, ਇਸ ਪ੍ਰਕਾਰ ਗੁਰੂ ਜੀ ਦੀ ਹੇਠੀ ਹੋਵੇਗੀ।

ਇਸੇ ਤਰਾਂ ਹੀ ਹੋਇਆ। ਤਮਾਸ਼ੇ ਵਾਲਿਆਂ ਨੂੰ ਗੁਰੂ ਜੀ ਨੇ ਦੱਸਿਆ ਕਿ ਕਾਰਸਤਾਨੀ ਇਨ੍ਹਾਂ ਜੋਗੀਆਂ ਦੀ ਹੈ। ਫਿਰ ਵੀ ਉਨ੍ਹਾਂ ਦਾ ਲੋਟਾ ਲੁਭਾ ਦਿੱਤਾ। ਇਸ ਪ੍ਰਕਾਰ ਜੋਗੀਆਂ ਨੂੰ ਹਾਰ ਦਾ ਸਾਮਣਾ ਕਰਨਾ ਪਿਆ।

ਫਿਰ ਜੋਗੀ ਗੁਰੂ ਜੀ ਨੂੰ ਕਹਿਣ ਲੱਗੇ ਕਿ ਤੁਸੀਂ ਸਨਿਆਸੀਆਂ ਵਾਲਾ ਭੇਸ ਛੱਡ ਕੇ ਹੁਣ ਦੁਨੀਆਂਦਾਰੀ ਵਾਲਾ ਵੇਸ ਕਿਉਂ ਧਾਰਨ ਕਰ ਲਿਆ ਹੈ। ਇਹ ਕਬੀਲਦਾਰਾਂ ਵਾਲਾ ਵਰਤਾਰਾ ਤੁਹਾਨੂੰ ਨਹੀਂ ਸੋਭਦਾ।

**ਜੋਗੀ ਭੰਗਰ ਨਾਥ** ਕਹਿਣ ਲੱਗਾ ਕਿ ਫਟੇ ਹੋਏ ਦੁਧ ਨੂੰ ਰਿੜਕਣ ਨਾਲ ਮੱਖਣ ਨਹੀਂ ਨਿਕਲਦਾ।

**ਗੁਰੂ ਜੀ ਨੇ ਕਿਹਾ:** " ਭੰਗਰ ਨਾਥ, ਮੇਰੀ ਗੱਲ ਧਿਆਨ ਨਾਲ ਸੁਣ, **ਤੂੰ ਕੁਚੱਜੀ ਮਾਂ ਦੀ ਕੁੱਖ ਵਿਚੋਂ ਜਨਮ ਲਿਆ ਹੈ।** ਜਿਸ ਨੂੰ ਮੱਖਣ ਵਿਰੋਲਨਾ ਨਹੀਂ ਆਉਂਦਾ ਸੀ। ਜਿਸ ਕਰਕੇ ਤੂੰ ਸਨਿਆਸ ਧਾਰਨ ਕਰਕੇ ਵੀ ਗ੍ਰਿਸਤੀਆਂ ਦੇ ਘਰਾਂ ਤੋਂ ਮੰਗ ਮੰਗ ਕੇ ਖਾਂਦਾ ਫਿਰਦਾ ਹੈਂ।"

ਇਹ ਸੁਣ ਕੇ ਜੋਗੀਆਂ ਦੇ ਸੱਤੀਂ ਕਪੜੀਂ ਅੱਗ ਲੱਗ ਗਈ ਅਤੇ ਉਨ੍ਹਾਂ ਨੇ ਗੁਰੂ ਜੀ ਨੂੰ ਪ੍ਰੇਸ਼ਾਨ ਕਰਨ ਲਈ ਕਰਾਮਾਤਾਂ ਦਿਖਾਉਣੀਆਂ ਸ਼ੁਰੂ ਕਰ ਦਿੱਤੀਆਂ। ਇਕ ਜੋਗੀ ਨੇ ਸ਼ੇਰ ਦਾ ਰੂਪ ਧਾਰ ਲਿਆ, ਦੂਜੇ ਨੇ ਫਨੀਅਰ ਨਾਗ ਬਣ ਕੇ ਅੰਗਾਰਿਆਂ ਦਾ ਮੀਂਹ ਵਰਸਾਉਣਾ ਸ਼ੁਰੂ ਕਰ ਦਿੱਤਾ। ਪ੍ਰੰਤੂ ਸਰਬਸ਼ਕਤੀਮਾਨ ਗੁਰੂ ਜੀ, ਅਡੋਲ ਅਤੇ ਸ਼ਾਂਤ ਚਿੱਤ ਹੋ ਕੇ ਬੈਠੇ ਰਹੇ। ਗੁਰੂ ਜੀ ਉੱਪਰ ਕਿਸੇ ਵੀ ਅਸਤਰ-ਸ਼ਸਤਰ ਦਾ ਅਸਰ ਨਾ ਹੋਇਆ।

ਜੋਗੀ ਭੰਗਰ ਨਾਥ ਨੇ ਗੁਰੂ ਜੀ ਨੂੰ ਵੀ ਕਰਾਮਾਤਾਂ ਦਿਖਾਉਣ ਲਈ ਉਕਸਾਇਆ।

ਗੁਰੂਦੇਵ ਜੀ ਨੇ ਕਿਹਾ, **"ਅਲੌਕਿੱਕ ਸ਼ਕਤੀਆਂ ਦਾ ਪ੍ਰਦਰਸ਼ਨ ਕਰਨਾ ਮਦਾਰੀਆਂ ਦਾ ਕੰਮ ਹੈ।** ਜੇ ਕੋਈ ਅਜਿਹਾ ਕਰਦਾ ਹੈ ਤਾਂ ਉਹ ਕੁਦਰਤ ਦੇ ਕੰਮਾਂ ਵਿੱਚ ਦਖਲ-ਅੰਦਾਜ਼ੀ ਹੈ। ਜੇ ਤੁਸੀਂ ਸੱਚਮੁੱਚ ਜੋਗੀ ਹੋ ਤਾਂ ਤੁਸੀਂ ਪ੍ਰਭੂ ਤੇ ਭਰੋਸਾ ਰੱਖੋ, ਕਿਸੇ ਸੰਸਾਰਕ ਚੀਜ਼ ਦੀ ਇੱਛਾ ਨਾ ਕਰੋ। **ਜੋ ਕੁਝ ਪ੍ਰਭੂ ਸਹਿਜ ਵਿੱਚ ਦੇਵੇ, ਉਸੇ ਵਿੱਚ ਸਬਰ-ਸੰਤੋਖ ਕਰਕੇ ਗੁਜ਼ਾਰਾ ਕਰਿਆ ਕਰੋ।** ਤੁਸੀਂ ਸਿਰਫ ਵਾਹ ਵਾਹ ਲੈਣ ਲਈ ਆਪਣੀ ਸ਼ਕਤੀ ਦਾ ਦੁਰ ਉਪਯੋਗ ਕਰਦੇ ਹੋ। ਇਸ ਦੇ ਪਿੱਛੇ ਧਨ ਇਕੱਠਾ ਕਰਨ ਦੀ ਲਾਲਸਾ ਹੁੰਦੀ ਹੈ।"

ਇਹ ਕੌੜਾ ਸੱਚ ਸੁਣ ਕੇ ਜੋਗੀ ਬੌਂਖ਼ਲਾ ਉੱਠੇ।

ਗੁਰੂਦੇਵ ਜੀ ਨੇ ਇਸ ਸਬੰਧ ਵਿੱਚ ਇਹ ਅਲਾਹੀ ਬਾਣੀ ਉਚਾਰਨ ਕੀਤੀ:

"ਹਾਥ ਕਮੰਡਲੁ ਕਾਪੜੀਆ ਮਨਿ ਤ੍ਰਿਸਨਾ ਉਪਜੀ ਭਾਰੀ॥ ਇਸਤ੍ਰੀ ਤਜਿ ਕਰਿ ਕਾਮਿ ਵਿਆਪਿਆ ਚਿਤੁ ਲਾਇਆ ਪਰ ਨਾਰੀ॥ ਸਿਖ ਕਰੇ ਕਰਿ ਸਬਦੁ ਨ ਚੀਨੈ ਲੰਪਟੁ ਹੈ ਬਾਜਾਰੀ॥ ਅੰਤਰਿ ਬਿਖੁ ਬਾਹਰਿ ਨਿਭਰਾਤੀ ਤਾ ਜਮੁ ਕਰੇ ਖੁਆਰੀ ॥੬॥ ਸੋ ਸੰਨਿਆਸੀ ਜੋ ਸਤਿਗੁਰ ਸੇਵੈ ਵਿਚਹੁ ਆਪੁ ਗਵਾਏ॥ ਛਾਦਨ ਭੋਜਨ ਕੀ ਆਸ ਨ ਕਰਈ ਅਚਿੰਤੁ ਮਿਲੈ ਸੋ ਪਾਏ॥ ਬਕੈ ਨ ਬੋਲੈ ਖਿਮਾ ਧਨੁ ਸੰਗ੍ਰਹੈ ਤਾਮਸੁ ਨਾਮਿ ਜਲਾਏ॥ ਧਨੁ ਗਿਰਹੀ ਸੰਨਿਆਸੀ ਜੋਗੀ ਜਿ ਹਰਿ ਚਰਣੀ ਚਿਤੁ ਲਾਏ॥੭॥"

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ- ੧੦੧੩

**ਇਸ ਅਲਾਹੀ ਸ਼ਬਦ ਨੂੰ ਵਿਚਾਰਦੇ ਅਤੇ ਘੋਖਦੇ ਹੋਏ ਜੋਗੀ ਪੁਕਾਰ ਉੱਠੇ। "ਨਾਨਕ ਜੀ ਤੁਸੀਂ ਧੰਨ ਹੋ, ਤੁਸੀਂ ਮਹਾਨ ਹੋ, ਤੁਹਾਡੇ ਕੰਮ ਉੱਤਮ ਅਤੇ ਮਹਾਨ ਹਨ, ਤੁਸੀਂ ਹੀ ਇਸ ਕਲਯੁਗ ਵਿੱਚ ਇਕ ਚਾਨਣ ਮੁਨਾਰਾ ਹੋ।**

ਜੋਗੀ ਫਿਰ ਵੀ ਨਹੀਂ ਟਲੇ, ਉਨ੍ਹਾਂ ਨੇ ਆਸ਼ਰਮ ਤੋਂ ਮਦਰਾ (ਸ਼ਰਾਬ) ਮੰਗਵਾਈ ਅਤੇ ਇਕ ਪਿਆਲਾ ਭਰ ਕੇ ਗੁਰੁਦੇਵ ਜੀ ਦੇ ਸਨਮੁੱਖ ਕੀਤਾ।

ਗੁਰੁਦੇਵ ਜੀ ਨੇ ਕਿਹਾ, **"ਮੈਂ ਇਹ ਝੂਠਾ ਨਸ਼ਾ ਨਹੀਂ ਕਰਦਾ। ਮੈਂ ਪ੍ਰਭੂ ਦਾ ਨਾਮ ਰੂਪੀ ਸੱਚਾ ਨਸ਼ਾ ਪੀਤਾ ਹੋਇਆ ਹੈ। ਜਿਸ ਨਾਲ ਸਦਾ ਖੁਮਾਰੀ ਚੜੀ ਰਹਿੰਦੀ ਹੈ, ਜਿਸ ਦੇ ਨਸ਼ਾ ਕਦੇ ਵੀ ਨਹੀਂ ਉੱਤਰਦਾ"।**

ਜੋਗੀ ਹੈਰਾਨ ਹੋ ਕੇ ਪੁੱਛਣ ਲੱਗੇ, "ਇਹ ਕਿਵੇਂ ਤਿਆਰ ਕੀਤਾ ਜਾਂਦਾ ਹੈ? ਤੱਦ ਗੁਰੁਦੇਵ ਜੀ ਨੇ ਇਸ ਪ੍ਰਥਾਏ ਇਹ ਅਲਾਹੀ ਬਾਣੀ ਉਚਾਰਨ ਕੀਤੀ।

"ਗੁੜੁ ਕਰਿ ਗਿਆਨੁ ਧਿਆਨੁ ਕਰਿ ਧਾਵੈ ਕਰਿ ਕਰਣੀ ਕਸੁ ਪਾਈਐ ॥
ਭਾਠੀ ਭਵਨੁ ਪ੍ਰੇਮ ਕਾ ਪੋਚਾ ਇਤੁ ਰਸਿ ਅਮਿਉ ਚੁਆਈਐ ॥੧॥
ਬਾਬਾ ਮਨੁ ਮਤਵਾਰੋ ਨਾਮ ਰਸੁ ਪੀਵੈ ਸਹਜ ਰੰਗ ਰਚਿ ਰਹਿਆ ॥
ਅਹਿਨਿਸਿ ਬਨੀ ਪ੍ਰੇਮ ਲਿਵ ਲਾਗੀ ਸਬਦੁ ਅਨਾਹਦ ਗਹਿਆ ॥੧ ॥ਰਹਾਉ ॥
ਪੂਰਾ ਸਾਚੁ ਪਿਆਲਾ ਸਹਜੇ ਤਿਸਹਿ ਪੀਆਏ ਜਾ ਕਉ ਨਦਰਿ ਕਰੇ ॥
ਅੰਮ੍ਰਿਤ ਕਾ ਵਾਪਾਰੀ ਹੋਵੈ ਕਿਆ ਮਦਿ ਛੂਛੈ ਭਾਉ ਧਰੇ ॥੨॥
ਗੁਰ ਕੀ ਸਾਖੀ ਅੰਮ੍ਰਿਤ ਬਾਣੀ ਪੀਵਤ ਹੀ ਪਰਵਾਣੁ ਭਇਆ ॥
ਦਰ ਦਰਸਨ ਕਾ ਪ੍ਰੀਤਮੁ ਹੋਵੈ ਮੁਕਤਿ ਬੈਕੁੰਠੈ ਕਰੈ ਕਿਆ ॥੩॥
ਸਿਫਤੀ ਰਤਾ ਸਦ ਬੈਰਾਗੀ ਜੂਐ ਜਨਮੁ ਨ ਹਾਰੈ ॥
ਕਹੁ ਨਾਨਕ ਸੁਣਿ ਭਰਥਰਿ ਜੋਗੀ ਖੀਵਾ ਅੰਮ੍ਰਿਤ ਧਾਰੈ ॥੪॥੪॥੩੮॥"

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ- ੩੬੦

**ਇਸ ਸ਼ਬਦ ਦੇ ਭਾਵਅਰਥ ਸਮਝਣ ਵਿੱਚ ਜੋਗੀਆਂ ਨੂੰ ਦੇਰ ਨਾ ਲੱਗੀ। ਜੋਗੀ ਸੰਤੁਸ਼ਟ ਹੋ ਕੇ ਆਪਣੇ ਆਪਣੇ ਆਸਣਾਂ ਤੇ ਜਾ ਬੈਠੇ।**

**ਮੇਲਾ ਸਮਾਪਤ ਹੋਣ ਉਪ੍ਰੰਤ ਗੁਰੂ ਜੀ ਕਰਤਾਰਪੁਰ ਵਾਪਸ ਆ ਗਏ।**

**ਉਸ ਅਸਥਾਨ ਤੇ ਗੁਰਦਵਾਰਾ ਸ੍ਰੀ ਅਚੱਲ ਸਾਹਿਬ ਸੁਸ਼ੋਬਤ ਹੈ।**



**ਗੁਰੂ ਜੀ, ਜੋਗੀਆਂ ਨੂੰ ਮੱਤਾਂ ਦਿੰਦਿਆਂ, ਅਚੱਲ ਬਟਾਲਾ**



## ਗੁਰਦੁਆਰਾ ਅਚੱਲ ਸਾਹਿਬ ਜੀ (ਬਟਾਲਾ)

## ਗੁਰੂਦੇਵ ਜੀ ਦੇ ਮਾਤਾ - ਪਿਤਾ ਜੀ ਦਾ ਆਕਾਲ ਚਲਾਣਾ

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਮਾਤਾ-ਪਿਤਾ ਜੀ ਨੂੰ ਆਪਣੇ ਜੀਵਨ ਦੇ ਅੰਤਿਮ ਦਿਨਾਂ ਵਿੱਚ ਸੁਭਾ-ਸ਼ਾਮ ਅਲਾਹੀ ਕੀਰਤਨ ਸਰਵਣ ਕਰਦਿਆਂ ਬ੍ਰਹਮ ਗਿਆਨ ਹੋ ਗਿਆ। ਵਿਸ਼ਵਾਸ ਹੋ ਗਿਆ ਕਿ **ਨਾਨਕ ਜੀ ਉਨ੍ਹਾਂ ਦੇ ਵੰਸ਼ ਦਾ ਗੌਰਵ ਹਨ।** ਇਸ ਤਰਾਂ ਉਨ੍ਹਾਂ ਦਾ ਅੰਤਿਮ ਜੀਵਨ ਬੜਾ ਖੁਸ਼ੀ ਭਰਪੂਰ ਬਤੀਤ ਹੋਇਆ। ਬੁਢਾਪੇ ਦੀ ਅਵਸਥਾ ਹੋ ਜਾਣ ਕਰਕੇ ਉਨ੍ਹਾਂ ਦੀ ਸਿਹਤ ਹੁਣ ਢਿੱਲੀ ਰਹਿੰਦੀ ਸੀ। **ਇਕ ਦਿਨ ਸਵੇਰ ਸਾਰ ਪਿਤਾ, ਬਾਬਾ ਕਾਲੂ ਜੀ ਜੰਗਲ-ਪਾਣੀ ਜਾਣ ਉਪ੍ਰੰਤ ਇਸ਼ਨਾਨ ਕਰਕੇ ਸਮਾਧੀ ਲੀਨ ਹੋ ਗਏ ਅਤੇ ਦੇਹ ਤਿਆਗ ਦਿੱਤੀ।**

ਗੁਰੁਦੇਵ ਜੀ ਨੇ ਸਮੂਹ ਸੰਗਤ ਨਾਲ, ਜਗਤ ਪਿਤਾ ਜੀ ਦਾ, ਧਾਰਮਿਕ ਰਸਮਾਂ ਅਨੁਸਾਰ ਅੰਤਿਮ ਸੰਸਕਾਰ ਸੰਪਨ ਕੀਤਾ।

**ਕੁਝ ਦਿਨ ਬਾਅਦ ਮਾਤਾ ਤ੍ਰਿਪਤਾ ਜੀ ਨੇ ਵੀ ਸਹਿਜ ਅਵਸਥਾ ਵਿੱਚ ਦੇਹ ਤਿਆਗ ਦਿੱਤੀ।** ਬੜੇ ਸਤਿਕਾਰ ਸਹਿਤ ਜਗਤ ਮਾਤਾ ਜੀ ਦੀਆਂ ਅੰਤਮ ਰਸਮਾਂ ਵੀ ਪੂਰੀਆਂ ਕੀਤੀਆਂ ਗਈਆਂ।

## ਭਾਈ ਮਰਦਾਨਾ ਜੀ ਦਾ ਪਰਲੋਕ ਸਿਧਾਰਨਾ

ਭਾਈ ਮਰਦਾਨਾ ਜੀ ਦੀ ਸਿਹਤ ਠੀਕ ਨਾ ਹੋਣ ਕਰਕੇ ਉਨ੍ਹਾਂ ਨੇ ਆਪਣੇ **ਪੁੱਤਰ ਸ਼ਾਹਜ਼ਾਦਾ ਜੀ** ਨੂੰ ਗੁਰੂ ਘਰ ਵਿੱਚ ਕੀਰਤਨ ਦੀ ਸੇਵਾ ਨਿਭਾਉਣ ਲਈ ਲਗਾ ਦਿੱਤਾ। ਇਕ ਦਿਨ ਗੁਰੁਦੇਵ ਜੀ ਉਨ੍ਹਾਂ ਦੇ ਘਰ ਗਏ।

ਭਾਈ ਮਰਦਾਨਾ ਜੀ ਨੇ ਬੇਨਤੀ ਕੀਤੀ ਕਿ ਉਸ ਦਾ ਅੰਤ ਸਮਾਂ ਆ ਗਿਆ ਹੈ ਇਸ ਲਈ ਉਸ ਨੂੰ ਵਿਦਾ ਕਰ ਦੇਣ। ਗੁਰੁਦੇਵ ਜੀ ਨੇ ਉਨ੍ਹਾਂ ਨੂੰ ਪਿਆਰ ਨਾਲ ਕਿਹਾ, "ਸਰੀਰਕ ਦ੍ਰਿਸ਼ਟੀ ਤੋਂ ਤਾਂ ਸਾਰਿਆਂ ਨੇ ਇਹ ਸੰਸਾਰ ਤਿਆਗ ਕੇ ਵਿਦਾ ਹੋਣਾ ਹੀ ਹੁੰਦਾ ਹੈ ਪਰ ਆਤਮਿੱਕ ਦ੍ਰਿਸ਼ਟੀ ਤੋਂ ਤੁਸੀਂ ਕਦੇ ਵੀ ਨਹੀਂ ਵਿੱਛੜ ਸਕਦੇ।

ਖੈਰ! ਹੁਣ ਤੁਸੀਂ ਆਪਣੀ ਅੰਤਿਮ ਇੱਛਾ ਦੱਸੋ ਕਿ ਤੁਹਾਡਾ ਅੰਤਿਮ ਸੰਸਕਾਰ ਕਿਸ ਵਿਧੀ ਅਨੁਸਾਰ ਕੀਤਾ ਜਾਵੇ? ਮੁਸਲਿਮ ਰੀਤ ਅਨੁਸਾਰ ਕਬਰ ਬਣਵਾ ਕੇ ਆਪ ਦੀ ਯਾਦਗਾਰ ਸਥਾਪੱਤ ਕੀਤੀ ਜਾਵੇ? ਲੋਕ ਪੂਜਿਆ ਕਰਨਗੇ।


ਇਹ ਸੁਣ ਕੇ ਭਾਈ ਮਰਦਾਨਾ ਜੀ ਦੀਆਂ ਅੱਖਾਂ ਭਰ ਆਈਆਂ ਅਤੇ ਕਹਿਣ ਲੱਗੇ, ਹੇ ਗੁਰਦੇਵ ਜੀ! ਮੈਂ ਤੁਹਾਡੇ ਨਾਲ ਸਾਰੀ ਉਮਰ ਇਕ ਮਿੱਕ ਹੋ ਕੇ ਰਿਹਾ ਹਾਂ। **ਮੈਨੂੰ ਸਰੀਰ ਰੂਪੀ ਪਿੰਜਰੇ ਵਿਚੋਂ ਕੱਢ ਕੇ ਪੱਥਰਾਂ ਦੀ ਕਬਰ ਵਿੱਚ ਕੈਦ ਨਾ ਕਰਨਾ।** ਮੇਰੀ ਹੁਣ ਕੋਈ ਮੰਗ ਨਹੀਂ ਰਹੀ। ਇਹ ਕਹਿ ਕੇ ਉਨ੍ਹਾਂ ਨੇ ਗੁਰਦੇਵ ਜੀ ਦੀ ਗੋਦ ਵਿੱਚ ਸਰੀਰ ਤਿਆਗ ਦਿੱਤਾ।

ਗੁਰੂਦੇਵ ਜੀ ਨੇ ਉਨ੍ਹਾਂ ਦਾ ਅੰਤਿਮ ਸੰਸਕਾਰ ਰਾਵੀ ਨਦੀ ਦੇ ਤੱਟ ਤੇ ਕਰ ਦਿੱਤਾ। ਸਮਾਂ ਪਾ ਕੇ ਹੜ ਆਇਆ ਤੇ ਸਾਰਾ ਕੁਝ ਰੋੜ੍ਹ ਕੇ ਲੈ ਗਿਆ।

ਨੋਟ:- ਇਹ ਸਮਾਂ 1534 ਈ: ਦਾ ਸੀ। ਭਾਈ ਮਰਦਾਨਾ ਜੀ ਨੇ ਆਪਣੇ ਜੀਵਨ ਦੇ 54 ਸਾਲ ਗੁਰੂ ਜੀ ਦੀ ਸੰਗਤ ਦਾ ਆਨੰਦ ਮਾਣਿਆ। ਸਿੱਖ ਇਤਿਹਾਸ ਵਿੱਚ ਕਿਸੇ ਵੀ ਹੋਰ ਸਿੱਖ ਨੂੰ ਇੱਤਨਾ ਲੰਮਾ ਸਮਾਂ 24 ਘੰਟੇ ਗੁਰੂ ਜੀ ਦੇ ਅੰਗ ਸੰਗ ਰਹਿਣ ਦਾ ਸੁਭਾਗ ਪ੍ਰਾਪਤ ਨਹੀਂ ਹੋਇਆ।

## ਜੀਵਨ ਪਦਵੀ ਪਾਉਣ ਵਾਲੇ ਗੁਰਸਿੱਖ

ਸਮੇ ਸਮੇ ਤੇ ਸ੍ਰੀ ਕਰਤਾਰਪੁਰ ਸਾਹਿਬ ਆ ਕੇ, ਸ੍ਰੀ ਗੁਰੂ ਨਾਨਕ ਦੇਵ ਜੀ ਦੇ ਅਲਾਹੀ ਉੱਪਦੇਸ਼ਾਂ ਨੂੰ ਜੀਵਨ ਵਿੱਚ ਧਾਰਨ ਕਰਕੇ ਜੀਵਨ ਪਦਵੀ ਪਾਉਣ ਵਾਲੇ ਗੁਰਸਿੱਖਾਂ ਵਿੱਚ ਭਾਈ ਤਾਰੂ ਜੀ, (ਫਾਇਰ ਬ੍ਰਗੇਡ ਦੇ ਬਾਨੀ, ਹਵਾਲਾ: ਪਿ. ਸਤਬੀਰ ਸਿੰਘ।) ਭਾਈ ਮੂਲਾ ਜੀ, ਭਾਈ ਪ੍ਰਿਥਾ ਜੀ, ਭਾਈ ਖੇੜਾ ਜੀ, ਭਾਈ ਪ੍ਰਿਥੀ ਮੱਲ ਜੀ, ਭਾਈ ਰਾਮਾ ਡੰਡੀ ਜੀ, ਭਾਈ ਦੌਲਤ ਖ਼ਾਂ ਜੀ, ਭਾਈ ਮਾਲ੍ਹੋ ਜੀ, ਭਾਈ ਮਾਂਘਾ ਜੀ, ਭਾਈ ਕਾਲੂ ਜੀ, ਭਾਈ ਭਗਤਾ ਜੀ, ਭਾਈ ਵੰਸ਼ੀ ਜੀ, ਭਾਈ ਸੀਹਾਂ ਜੀ, ਭਾਈ ਗਜਣ ਉੱਪਲ ਜੀ, ਭਾਈ ਭਗੀਰਥ ਜੀ, ਭਾਈ ਅਜਿੱਤਾ ਰੰਧਾਵਾ ਜੀ, ਭਾਈ ਫਿਰਣਾ ਜੀ, ਭਾਈ ਜਾਪੁ ਜੀ, ਸ਼ੇਖ਼ ਉਬਾਰੇ ਖਾਨ ਜੀ, ਫਕੀਰ ਅਬਦੁੱਲ ਰਹਿਮਾਨ ਅਤੇ ਭਾਈ ਜੋਧਾ ਜੀ। **(ਹਵਾਲਾ: ਭਾਈ ਗੁਰਦਾਸ ਜੀ)**



**ਸ੍ਰੀ ਗੁਰੂ ਨਾਨਕ ਦੇਵ ਜੀ ਸੰਗਤ ਨੂੰ ਉਪਦੇਸ਼ ਕਰਦਿਆਂ (ਕਰਤਾਰਪੁਰ)**

## ਸੰਤੁਲਤ ਤੇ ਆਦਰਸ਼ਵਾਦ ਦੇ ਸਿਧਾਂਤ

ਇਕ ਦਿਨ ਗੁਰੁਦੇਵ ਜੀ ਨੇ ਸਭ ਸਿੱਖਾਂ ਨੂੰ ਸੰਬੋਧਨ ਕਰਦਿਆਂ ਕਿਹਾ, ਉੱਦੇਸ਼ ਦੀ ਪ੍ਰਾਪਤੀ ਤਾਂ ਹੀ ਸੰਭਵ ਹੋ ਸਕਦੀ ਹੈ ਜੇ ਅਸੀਂ ਅਧਿਆਤਮਿੱਕ ਤੇ ਮਾਨਸਿੱਕ ਤੌਰ ਤੇ ਸ਼ਕਤੀਸ਼ਾਲੀ ਹੋਈਏ। ਕਿਉਂਕਿ ਕੁਦਰਤ ਦਾ ਸਿਧਾਂਤ ਹੈ ਕਿ ਕਮਜ਼ੋਰ ਨੂੰ ਤਾਕਤਵਰ ਮਾਰ ਦੇਂਦਾ ਹੈ (**ਵੱਡੀ ਮੱਛੀ ਛੋਟੀਆਂ ਮੱਛੀਆਂ ਨੂੰ ਖਾ ਕੇ ਜਿਉਂਦੀ ਹੈ।**) ਗੁਰੂ ਜੀ ਨੇ ਪ੍ਰਾਕਿਰਤੀ ਦੇ ਸਿਧਾਂਤਾਂ ਦੀ ਵਿਆਖਿਆ ਇੱਸ ਤਰਾਂ ਕੀਤੀ ਹੈ:-

**ਸ਼ਕਤੀ ਗ੍ਰਹਿਣ ਕਰਨ ਦੇ ਅੱਠ ਸਿਧਾਂਤ ਹੁੰਦੇ ਹਨ:-**

1. **ਸ੍ਰੀਰਕ ਸ਼ਕਤੀ** ਮਨੁੱਖ ਦਾ ਮੂਲ ਸੋਮਾ ਹੈ। ਇਸ ਦੀ ਪ੍ਰਾਪਤੀ ਲਈ ਹਮੇਸ਼ਾ ਸੰਤੁਲਿੱਤ ਤੇ ਤਾਜ਼ਾ ਭੋਜਨ ਕਰਨਾ ਹੁੰਦਾ ਹੈ। ਨਸ਼ੇ, ਚਿੰਤਾਵਾਂ ਤੋਂ ਦੂਰ ਰਹਿਣਾ ਅਤੇ ਨਿਯਮਿੱਤ ਕਸਰਤ ਆਦਿ ਕਰਨਾ ਜ਼ਰੂਰੀ ਹੈ।
2. **ਮਾਨਸਿੱਕ ਸ਼ਕਤੀ** ਦੀ ਪ੍ਰਾਪਤੀ ਲਈ ਹਰੇਕ ਵਿਅਕਤੀ ਦਾ ਪੜ੍ਹਿਆ ਲਿੱਖਿਆ ਤੇ ਸੰਪੂਰਣ ਜਾਣਕਾਰ ਹੋਣਾ ਅਤੀ ਜ਼ਰੂਰੀ ਹੈ। ਇਸ ਉੱਦੇਸ਼ ਦੀ ਪ੍ਰਾਪਤੀ ਲਈ ਮਾਤ-ਭਾਸ਼ਾ ਨੂੰ ਸਾਧਨ ਬਣਾਉਣਾ ਚਾਹੀਦਾ ਹੈ।
3. **ਆਤਮਿੱਕ ਸ਼ਕਤੀ** ਦੀ ਪ੍ਰਾਪਤੀ ਲਈ ਹਰੇਕ ਵਿਅਕਤੀ ਨੂੰ ਸਵੇਰ-ਦੇ -ਇਸ਼ਨਾਨ ਆਦਿ ਕਰਨ ਉਪ੍ਰੰਤ ਮਨ ਇਕਾਗਰ ਕਰਕੇ ਪ੍ਰਭੂ ਚਿੰਤਨ ਕਰਨਾ ਹੁੰਦਾ ਹੈ।
4. **ਧਨ ਦੀ ਸ਼ਕਤੀ** ਦੀ ਪ੍ਰਾਪਤੀ ਲਈ ਹਰੇਕ ਵਿਅਕਤੀ ਨੂੰ ਮਿਹਨਤੀ ਬਣ ਕੇ, ਆਪਣੀ ਉਪਜੀਵਿਕਾ ਆਪ ਕਮਾਉਣੀ ਚਾਹੀਦੀ ਹੈ। ਕਿਰਤ ਕਰੋ ਵੰਡ ਛਕੋ ਨਾਮ ਜਪੋ ਦੇ ਮੂਲ ਸਿਧਾਂਤ ਤੇ ਪਹਿਰਾ ਦੇਣਾ ਹੁੰਦਾ ਹੈ।
5. **ਪਦਵੀ (ਉਪਾਧੀ) ਦੀ ਸ਼ਕਤੀ** ਦੀ ਪ੍ਰਾਪਤੀ ਲਈ ਚਲੰਤ ਰਾਜਨੀਤੀ ਵਿੱਚ ਯਥਾਯੋਗ ਹਿੱਸਾ ਲੈਂਦਿਆਂ ਯੋਗਤਾ ਦੇ ਬਲ ਤੇ ਉੱਚੀ ਪਦਵੀ ਪ੍ਰਾਪਤ ਕਰਕੇ ਮਾਨਵ ਕਲਿਆਣ ਲਈ ਯਤਨਸ਼ੀਲ ਹੋਣਾ ਚਾਹੀਦਾ ਹੈ।
6. **ਸ਼ਸਤਰ ਵਿਦਿਆ ਸ਼ਕਤੀ:-** ਹਰੇਕ ਵਿਅਕਤੀ ਨੂੰ ਆਪਣੀ ਸੁਰੱਖਿਆ ਦੇ ਲਈ ਸਮੇਂ ਅਨੁਸਾਰ ਆਧੁਨਿੱਕ ਸ਼ਸਤਰ ਧਾਰਨ ਕਰਕੇ ਆਤਮ-ਰਖਿਅੱਕ ਹੋਣਾ ਜ਼ਰੂਰੀ ਹੁੰਦਾ ਹੈ।
7. **ਜਨ ਸ਼ਕਤੀ:-** ਗੁਰਮਤਿ ਵਿਚਾਰਧਾਰਾ ਦਾ ਪ੍ਰਚਾਰ ਕਰਕੇ ਆਪਣੀ ਸੰਪਰਦਾਏ ਨੂੰ ਹਮੇਸ਼ਾ ਪ੍ਰਫੁਲੱਤ ਕਰਨਾ ਚਾਹੀਦਾ ਹੈ।
8. **ਏਕੇ ਦੀ ਸ਼ਕਤੀ:-** ਆਪਸੀ ਮਤਭੇਦਾਂ ਨੂੰ ਭੁਲਾ ਕੇ, ਸੰਗਠਿੱਤ ਹੋ ਕੇ ਰਹਿਣਾ ਹੀ ਸਭ ਤੋਂ ਵੱਡੀ ਸ਼ਕਤੀ ਹੈ।

**"ਇਕ ਇਕੱਲਾ ਤੇ ਦੋ ਗਿਆਰਾਂ"**

ਇਨ੍ਹਾਂ ਅੱਠ ਸ਼ਕਤੀਆਂ ਦੀ ਪ੍ਰਾਪਤੀ ਹੀ ਮਨੁੱਖ ਲਈ ਸੰਪੂਰਨ ਆਜ਼ਾਦੀ ਹੈ। ਇਨ੍ਹਾਂ ਸ਼ਕਤੀਆਂ ਦਾ ਸਦਉਪਯੋਗ ਕਰਕੇ ਹੀ ਸਮੁੱਚੇ ਸਮਾਜ ਦੀ ਉੱਨਤੀ ਸੰਭਵ ਹੈ:-

ਇਸ ਤੋਂ ਉਪ੍ਰੰਤ ਮਨੁੱਖ ਦੇ ਕਰਤਵ ਅਤੇ ਅਧਿਕਾਰ ਵੀ ਧਿਆਨ ਵਿੱਚ ਰਖਣੇ ਅਤਿਅੰਤ ਜ਼ਰੂਰੀ ਹਨ।

1. **ਸਾਂਝੀਵਾਲਤਾ ਦਾ ਕਰਤਵ ਅਤੇ ਅਧਿਕਾਰ:-** ਅਛੂਤ ਕਹੀਆਂ ਜਾਣ ਵਾਲੀਆਂ ਜਾਤੀਆਂ ਨੂੰ ਸਮਾਨਤਾ ਦਾ

ਅਧਿਕਾਰ ਦਿਲਵਾਉਣ ਲਈ ਉਨ੍ਹਾਂ ਨੂੰ ਆਪਣੇ ਵੱਲੋਂ ਪ੍ਰੇਮ-ਪਿਆਰ ਅਰਥਾਤ ਸਤਿਕਾਰ ਦੇਣਾ ਅਤੇ ਅਸਲ ਜੀਵਨ ਜਿਉਣ ਦੇ ਸਾਧਨ ਉਪਲਬਧ ਕਰਵਾਉਣੇ।

2. **ਆਰਥਿੱਕ ਸ਼ੋਸ਼ਣ:-** ਅਮੀਰ ਵਰਗ ਨੂੰ ਗਰੀਬਾਂ ਦਾ ਸ਼ੋਸ਼ਨ ਕਰਨ ਤੋਂ ਵਰਜਣਾ। ਲੋੜਵੰਦ ਦੀ ਸਹਾਇਤਾ ਕਰਨਾ।


3. **ਅੰਧਵਿਸ਼ਵਾਸ** ਦੂਰ ਕਰਕੇ ਪਖੰਡਾਂ ਤੇ ਪਖੰਡੀਆਂ ਨੂੰ ਵਿਗਿਆਨਿੱਕ ਦ੍ਰਿਸ਼ਟੀਕੋਣ ਅਨੁਸਾਰ ਸਿੱਧੇ ਰਾਹੇ ਪਾਉਣਾ। ਅੰਧਵਿਸ਼ਵਾਸੀ ਨੂੰ ਸੁਚੇਤ ਕਰਨਾ।

4. **ਰਾਜਨੀਤਿਕ ਕਰਤਵ:-** ਦੁਸ਼ਟ ਅਤੇ ਸੁਆਰਥੀ ਸ਼ਾਸਕਾਂ ਦੇ ਅੱਤਿਆਚਾਰਾਂ ਵਿਰੁੱਧ ਜਨ-ਅੰਦੋਲਨ ਚਲਾਉਣ ਲਈ ਜਾਗ੍ਰਿਤੀ ਲਿਆਉਣਾ ਤਾਂ ਜੋ ਰਾਜਨੀਤਿੱਕ ਸ਼ਕਤੀ ਕਿਸੇ ਆਦਰਸ਼ਵਾਦੀ ਮਨੁੱਖ ਦੇ ਹੱਥਾਂ ਵਿੱਚ ਹੋਵੇ।

ਅਸਲ ਵਿੱਚ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੇ ਉਦੇਸ਼ਾਂ ਦੀ ਪੂਰਤੀ ਕਰਨ ਲਈ ਯੋਜਨਾ ਬੱਧ ਢੰਗ ਨਾਲ ਪ੍ਰੋਗਰਾਮ ਉਲੀਕਿਆ ਤਾਂ ਕਿ ਉਨ੍ਹਾਂ ਦੇ ਪੰਜ ਭੌਤਿਕ ਚੋਲਾ ਛਡਨ ਉਪ੍ਰੰਤ ਇਹ ਕੰਮ ਕਿਸੇ ਯੋਗ ਨਿਸ਼ਠਾਵਾਨ, ਸੰਪੂਰਨ, ਸਮਰਪਿੱਤ ਵਿਅਕਤੀ ਨੂੰ ਸੌਂਪਿਆ ਜਾਵੇ। ਜਿਸ ਨਾਲ ਉੱਦੇਸ਼ ਦੀ ਪ੍ਰਾਪਤੀ ਵਿੱਚ ਸਮੇਂ ਦੇ ਨਾਲ ਕੋਈ ਰੁਕਾਵਟ ਪੈਦਾ ਨਾ ਹੋਵੇ। ਇਸ ਲਈ ਉਨ੍ਹਾਂ ਨੇ ਆਪਣੇ ਪੁੱਤਰਾਂ ਅਤੇ ਨਿਕਟ ਵਰਤੀ ਸੇਵਕਾਂ ਨੂੰ ਕਸੌਟੀ ਤੇ ਪਰਖ ਕੇ ਉਚਿੱਤ ਫੈਸਲਾ ਲੈਣ ਦਾ ਵਿਚਾਰ ਬਣਾਇਆ।



ਸ੍ਰੀ ਗੁਰੂ ਨਾਨਕ ਦੇਵ ਜੀ ਸੰਗਤ ਵਿੱਚ ਲੰਗਰ ਵਰਤਾਉਂਦਿਆਂ (ਕਰਤਾਰਪੁਰ)



ਗੁਰੂਦੇਵ ਜੀ ਧੁਰ ਕੀ ਬਾਣੀ ਆਪਣੀ ਪੋਥੀ ਵਿੱਚ ਦਰਜ ਕਰਦੇ ਹੋਏ ।